
# ਪਰਿਵਾਰਾਂ ਲਈ ਲਿਖਣਾ:

## ਆਪਣੇ ਬੱਚੇ ਦੀ ਘਰ ਵਿਚ ਲਿਖਣ ਵਿਚ ਮਦਦ ਕਰਨਾ

ਕਿੰਡਰਗਾਰਟਨ - ਗਰੇਡ 1



AchieveBC

## ਪਰਿਵਾਰਾਂ ਲਈ ਲਿਖਣਾ: ਆਪਣੇ ਬੱਚੇ ਦੀ ਘਰ ਵਿਚ ਲਿਖਣ ਵਿਚ ਮਦਦ ਕਰਨਾ

ਪੜ੍ਹਣ ਵਾਂਗ ਹੀ ਲਿਖਣਾ ਵੀ ਜ਼ਿੰਦਗੀ ਭਰ ਦੀ ਸਿਖਿਆ ਲਈ ਦਰਵਾਜ਼ਾ ਖੋਲ੍ਹਦਾ ਹੈ। ਇਹ ਇਕ ਜ਼ਰੂਰੀ ਹੁਨਰ ਹੈ ਜਿਹੜਾ ਬੱਚਿਆਂ ਅਤੇ ਬਾਲਗਾਂ ਨੂੰ ਆਪਣੇ ਆਪ ਨੂੰ ਪ੍ਰਗਟਾਉਣ, ਰੋਜ਼ਾਨਾ ਦੇ ਕਾਰਜ ਕਰਨ ਅਤੇ ਸਕੂਲ ਅਤੇ ਕੰਮ ਦੀ ਥਾਂ 'ਤੇ ਆਪਣੇ ਖਿਆਲਾਂ ਦਾ ਸੰਚਾਰ ਕਰਨ ਦਾ ਮੌਕਾ ਦਿੰਦਾ ਹੈ। ਮਾਪੇ ਅਤੇ ਗਾਰਡੀਅਨ ਕਿਸੇ ਵੀ ਬੱਚੇ ਦੇ ਪਹਿਲੇ ਅਤੇ ਸੱਭ ਤੋਂ ਮਹੱਤਵਪੂਰਨ ਅਧਿਆਪਕ ਹੁੰਦੇ ਹਨ। ਤੁਸੀਂ ਆਪਣੇ ਬੱਚੇ ਦੀ ਚੰਗੀ ਤਰ੍ਹਾਂ ਲਿਖਣਾ ਸਿੱਖਣ ਵਿਚ ਮਦਦ ਕਰ ਸਕਦੇ ਹੋ ਅਤੇ ਤੁਸੀਂ ਉਨ੍ਹਾਂ ਨੂੰ ਇਹ ਦਿਖਾ ਸਕਦੇ ਹੋ ਕਿ ਲਿਖਣਾ ਇਕ ਸ਼ੁਗਲ ਹੋ ਸਕਦਾ ਹੈ। ਸਕੂਲ ਤੋਂ ਬਾਅਦ ਅਤੇ ਛੁੱਟੀ ਵਾਲੇ ਦਿਨ ਪੜ੍ਹਣ, ਚਿੱਤਰ ਬਣਾਉਣ ਅਤੇ ਲਿਖਣ ਲਈ ਸਮਾਂ ਕੱਢੋ। ਬੱਚਿਆਂ ਦੀ ਅਗੇਤੀ ਲਿਖਣੀ ਵਿਚ ਅਕਸਰ ਚਿੱਤਰ, ਅੱਖਰ ਅਤੇ ਕਦੇ ਕਦੇ ਸ਼ਬਦ ਸ਼ਾਮਲ ਹੁੰਦੇ ਹਨ। ਆਪਣੇ ਬੱਚੇ ਨੂੰ ਝਰੀਟਾਂ ਮਾਰਨ ਅਤੇ ਚਿੱਤਰ ਬਣਾਉਣ ਅਤੇ ਸ਼ਕਲਾਂ ਅਤੇ ਅੱਖਰਾਂ ਦੀ ਕਾਪੀ ਕਰਨ ਲਈ ਉਤਸ਼ਾਹ ਦਿਉ। ਇਹ ਪੱਕਾ ਕਰੋ ਕਿ ਤੁਹਾਡੇ ਕੋਲ ਉਨ੍ਹਾਂ ਦੀ ਵਰਤੋਂ ਲਈ ਬਹੁਤ ਸਾਰੇ ਪੇਪਰ, ਰੰਗਦਾਰ ਪੈਂਸਲਾਂ ਅਤੇ ਪੈਂਸਲਾਂ ਅਤੇ ਮਾਰਕਰ ਮੌਜੂਦ ਹੋਣ। ਤੁਹਾਡਾ ਬੱਚਾ ਜੋ ਪੜ੍ਹਦਾ ਹੈ, ਚਿੱਤਰਦਾ ਹੈ ਅਤੇ ਲਿਖਦਾ ਹੈ, ਉਸ ਬਾਰੇ ਉਸ ਨਾਲ ਗੱਲਾਂ ਕਰੋ। ਸ਼ਬਦਾਂ ਵਾਲੀਆਂ ਖੇਡਾਂ ਖੇਡੋ, ਅੱਖਰ ਅਤੇ ਸ਼ਬਦ ਲਿਖਣ ਲਈ ਬਟਨਾਂ ਜਾਂ ਮੈਕਰੋਨੀ ਦੀ ਵਰਤੋਂ ਕਰੋ, ਅਤੇ ਆਪਣੇ ਬੱਚੇ ਨੂੰ ਕਹੋ ਕਿ ਉਹ ਬਰਥਡੇਅ ਕਾਰਡ ਜਾਂ ਥੈਂਕ-ਯੂ ਨੋਟ ਲਿਖਣ ਵਿਚ ਮਦਦ ਕਰੇ। ਸਿਰਜਣਾਤਮਕ ਬਣੋ, ਅਤੇ ਅਨੰਦ ਮਾਣੋ!

# ਪਰਿਵਾਰਾਂ ਲਈ ਲਿਖਣਾ:
## ਆਪਣੇ ਬੱਚੇ ਦੀ ਘਰ ਵਿਚ ਲਿਖਣ ਵਿਚ ਮਦਦ ਕਰਨਾ


### ਭਾਗ 1
**ਗੱਲਾਂ ਕਰਨਾ, ਪੜ੍ਹਣਾ ਅਤੇ ਚਿੱਤਰ ਬਣਾਉਣਾ . . . . . 1**

### ਭਾਗ 2
**ਲਿਖਣਾ ਸ਼ੁਰੂ ਕਰਨਾ . . . . . 1**
- ਪੈਂਸਲ ਫੜਣਾ . . . . . 1
- ਆਵਾਜ਼ਾਂ ਅਤੇ ਅੱਖਰ . . . . . 2
- ਵੱਡੇ ਅੱਖਰ, ਸਵਾਲੀਆ ਚਿੰਨ੍ਹ ਅਤੇ ਹੋਰ . . . . . 2

### ਭਾਗ 3
**ਵਾਕ ਬਣਾਉਣਾ . . . . . 3**
- ਸੌਖੇ ਵਾਕ . . . . . 3
- ਵਿਚਾਰਾਂ ਨੂੰ ਜੋੜਣਾ . . . . . 3

### ਭਾਗ 4
**ਤਸਵੀਰਾਂ ਬਣਾਉਣ ਲਈ ਸ਼ਬਦਾਂ ਦੀ ਵਰਤੋਂ ਕਰਨਾ . . . . . 4**
- ਵੇਰਵੇ ਦੇਣਾ . . . . . 4
- ਆਪਣੇ ਬੱਚੇ ਦਾ ਸ਼ਬਦ-ਭੰਡਾਰ ਵਧਾਉਣਾ . . . . . 4


### ਭਾਗ 5
**ਲਿਖਣ ਲਈ ਵਧੀਆ ਮਾਹੌਲ ਤਿਆਰ ਕਰਨਾ . . . . . 5**

### ਭਾਗ 6
**ਲਿਟਰੇਸੀ ਕੀ ਹੈ? . . . . . 5**

### ਭਾਗ 7
**ਲਿਟਰੇਸੀ ਨਾਲ ਸੰਬੰਧਿਤ ਵੈੱਬਸਾਈਟ . . . . . 6**

# 1 | ਗੱਲਾਂ ਕਰਨਾ, ਪੜ੍ਹਣਾ ਅਤੇ ਚਿੱਤਰ ਬਣਾਉਣਾ

ਬੱਚੇ ਆਪਣੇ ਆਪ ਜਾਂ ਕਿਸੇ ਬਾਲਗ ਨਾਲ ਪੜ੍ਹ ਕੇ, ਕਹਾਣੀਆਂ ਨੂੰ ਦੁਬਾਰਾ ਦੱਸ ਕੇ ਅਤੇ ਆਪਣੇ ਤਜਰਬਿਆਂ ਬਾਰੇ ਗੱਲਾਂ ਕਰਕੇ ਲਿਖਣ ਲਈ ਤਿਆਰ ਹੁੰਦੇ ਹਨ। ਉਹ ਗਾ ਕੇ ਅਤੇ ਤੁੱਕਬੰਦੀ ਕਰਕੇ ਵੀ ਨਵੇਂ ਸ਼ਬਦ ਸਿੱਖਦੇ ਹਨ ਅਤੇ ਆਪਣੇ ਆਪ ਨੂੰ ਪ੍ਰਗਟਾਉਣ ਲਈ ਚਿੱਤਰਾਂ ਦੀ ਵਰਤੋਂ ਕਰਦੇ ਹਨ। ਆਪਣੇ ਬੱਚੇ ਨੂੰ ਲਿਖਣ ਲਈ ਤਿਆਰ ਕਰਨ ਵਿਚ ਮਦਦ ਕਰਨ ਲਈ ਕੁਝ ਸੁਝਾਅ ਇਹ ਹਨ:




> ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉ ਅਤੇ ਆਪਣੇ ਬੱਚੇ ਨੂੰ ਉੱਚੀ ਪੜ੍ਹਣ ਲਈ ਕਹੋ। ਵਾਰੀ ਵਾਰੀ ਸਫੇ ਪੜ੍ਹੋ ਜਾਂ ਵੱਖ ਵੱਖ ਕਿਰਦਾਰਾਂ ਲਈ ਵੱਖ ਵੱਖ ਆਵਾਜ਼ਾਂ ਦੀ ਵਰਤੋਂ ਕਰੋ।

> ਇਕੱਠਿਆਂ ਕਹਾਣੀ ਪੜ੍ਹ ਲੈਣ ਤੋਂ ਬਾਅਦ, ਆਪਣੇ ਬੱਚੇ ਨੂੰ ਕਹੋ ਕਿ ਉਹ ਤੁਹਾਨੂੰ ਇਹ ਦੱਸੋ ਕਿ ਇਹ ਕਹਾਣੀ ਕਾਹਦੇ ਬਾਰੇ ਸੀ। ਆਪਣੇ ਬੱਚੇ ਤੋਂ ਪੁੱਛੋ ਕਿ ਉਨ੍ਹਾਂ ਨੂੰ ਕਿਰਦਾਰਾਂ ਅਤੇ ਕਹਾਣੀ ਦੀਆਂ ਘਟਨਾਵਾਂ ਬਾਰੇ ਕੀ ਯਾਦ ਹੈ। ਉਦਾਹਰਣ ਲਈ, ਇਹ ਪੁੱਛੋ ਕਿ *ਕਿਰਦਾਰਾਂ ਦੇ ਨਾਂ ਕੀ ਸਨ? ਉਹ ਕਿੱਥੇ ਗਏ? ਉਨ੍ਹਾਂ ਨੇ ਕੀ ਕੀਤਾ ਅਤੇ ਕੀ ਕਿਹਾ? ਉਨ੍ਹਾਂ ਨੇ ਅਜਿਹਾ ਕਿਉਂ ਕੀਤਾ/ਕਿਹਾ?*

> ਆਪਣੇ ਬੱਚਿਆਂ ਨਾਲ ਗੱਲਾਂ ਕਰੋ। ਉਨ੍ਹਾਂ ਤੋਂ ਉਨ੍ਹਾਂ ਦੇ ਦਿਨ ਬਾਰੇ ਸਵਾਲ ਪੁੱਛੋ ਅਤੇ ਇਹ ਪੁੱਛੋ ਕਿ ਉਨ੍ਹਾਂ ਨੇ ਕੀ ਦੇਖਿਆ, ਕੀ ਸੁਣਿਆ, ਕਿਸ ਚੀਜ਼ ਦਾ ਸੁਆਦ ਦੇਖਿਆ, ਕਿਸ ਚੀਜ਼ ਨੂੰ ਛੂਹਿਆ ਅਤੇ ਸੁੰਘਿਆ। ਉਨ੍ਹਾਂ ਨੇ ਕਿਹੜੀ ਚੀਜ਼ ਪਸੰਦ ਕੀਤੀ ਅਤੇ ਕਿਹੜੀ ਨਹੀਂ ਕੀਤੀ? ਕਿਉਂ? ਉਹ ਕਿਸ ਚੀਜ਼ ਬਾਰੇ ਹੋਰ ਜਾਣਨਾ ਚਾਹੁੰਦੇ ਹਨ? ਤੁਰਨ ਜਾਂ ਗੱਡੀ ਚਲਾਉਣ ਵੇਲੇ ਸਟੋਰ ਅਤੇ ਸਟਰੀਟ ਸਾਈਨਾਂ ਵੱਲ ਇਸ਼ਾਰਾ ਕਰੋ ਅਤੇ ਇਹ ਸਾਈਨ ਇਕੱਠੇ ਪੜ੍ਹੋ।

> ਹਰ ਰੋਜ਼ ਦੇ ਕਾਰਜਾਂ, ਜਿਵੇਂ ਕੁੱਕੀਆਂ ਬਣਾਉਣ, ਕੱਪੜਿਆਂ ਦੀਆਂ ਤੈਹਾਂ ਲਾਉਣ ਜਾਂ ਆਪਣੇ ਦੰਦ ਸਾਫ ਕਰਨ ਬਾਰੇ ਸਿੱਧੇ-ਸਾਦੇ ਗੀਤ ਜੋੜੋ। ਜਾਂ ਕਿਸੇ ਸ਼ਬਦ ਦੀ ਚੋਣ ਕਰੋ ਜਿਵੇਂ ਕਿ ਰੌਕ, ਅਤੇ ਆਪਣੇ ਬੱਚੇ ਨੂੰ ਕਹੋ ਕਿ ਉਹ ਅਜਿਹੇ ਸ਼ਬਦਾਂ ਬਾਰੇ ਸੋਚੇ ਜਿਨ੍ਹਾਂ ਦੀ ਇਸ ਨਾਲ ਤੁੱਕ ਮਿਲਦੀ ਹੋਵੇ (ਜਿਵੇਂ *ਸੌਕ, ਕਲੌਕ, ਬਲੌਕ, ਨੌਕ*)। ਵਾਰੋ ਵਾਰੀ ਸ਼ਬਦ ਚੁਣੋ ਅਤੇ ਤੁੱਕਬੰਦੀ ਕਰੋ।

> ਬਾਹਰ ਇਕੱਠਿਆਂ ਦਿਨ ਬਤਾਉਣ ਤੋਂ ਬਾਅਦ ਆਪਣੇ ਬੱਚੇ ਨੂੰ ਕਹੋ ਕਿ ਉਸ ਨੇ ਜਿਹੜੀਆਂ ਚੀਜ਼ਾਂ ਦੇਖੀਆਂ ਹਨ, ਉਹ ਉਨ੍ਹਾਂ ਵਿਚੋਂ ਕੁਝ ਦੇ ਚਿੱਤਰ ਬਣਾਵੇ। ਉਦਾਹਰਣ ਲਈ, ਜੇ ਤੁਸੀਂ ਚਿੜੀਆ ਘਰ ਗਏ ਹੋ ਤਾਂ ਉਸ ਨੂੰ ਕਹੋ ਕਿ ਉਹ ਕੁਝ ਜਾਨਵਰਾਂ ਦੇ ਚਿੱਤਰ ਬਣਾਵੇ। ਆਪਣੇ ਬੱਚੇ ਨੂੰ ਅੱਖਰ ਦੀ ਤਸਵੀਰ ਦਿਖਾਉ ਜਿਸ ਨਾਲ ਹਰ ਅੱਖਰ ਸ਼ੁਰੂ ਹੁੰਦਾ ਹੈ, ਜਿਵੇਂ ਗੋਟ ਲਈ *ਜੀ*, *ਰੈਬਿਟ ਲਈ ਆਰ*।

# 2 | ਲਿਖਣਾ ਸ਼ੁਰੂ ਕਰਨਾ

## ਪੈਂਸਲ ਫੜਣਾ

ਪੈਂਸਲਾਂ, ਪੈੱਨਾਂ, ਕਾਂਟੇ, ਛੁਰੀਆਂ, ਕੈਂਚੀਆਂ ਅਤੇ ਹੋਰ ਸੰਦਾਂ ਵਰਗੀਆਂ ਚੀਜ਼ਾਂ ਫੜਣ ਅਤੇ ਵਰਤਣ ਲਈ ਅਸੀਂ ਸੂਖਮ ਹੁਨਰ ਵਰਤਦੇ ਹਾਂ (ਜਿਵੇਂ ਆਪਣੀਆਂ ਉਂਗਲਾਂ ਅਤੇ ਹੱਥਾਂ ਦੇ ਛੋਟੇ ਪੱਠਿਆਂ ਦੀਆਂ ਹਰਕਤਾਂ)। ਤੁਸੀਂ ਇਹ ਹੁਨਰ ਵਿਕਸਤ ਕਰਨ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ ਜਿਹੜੇ ਕਿ ਚਿੱਤਰ ਬਣਾਉਣ ਅਤੇ ਲਿਖਣ ਲਈ ਜ਼ਰੂਰੀ ਹਨ। ਤੁਸੀਂ ਇਹ ਕੁਝ ਚੀਜ਼ਾਂ ਕਰ ਸਕਦੇ ਹੋ:

> ਛੋਟੀਆ ਚੀਜ਼ਾਂ ਨਾਲ ਇਕ ਕੋਲਾਜ ਬਣਾਉ (ਜਿਵੇਂ ਕਿ ਫਲੀਆਂ ਦੇ ਸੁੱਕੇ ਦਾਣੇ ਜਾਂ ਅਣਪਕਾਇਆ ਪਾਸਤਾ)। ਇਨ੍ਹਾਂ ਚੀਜ਼ਾਂ ਨੂੰ ਚਿਮਟੀ ਨਾਲ ਚੁੱਕੋ ਅਤੇ ਪੇਪਰ ਉੱਪਰ ਰੱਖੋ।

> ਆਪਣੇ ਬੱਚੇ ਨੂੰ ਇਕ ਮਿੰਟ ਵਿਚ ਵੱਧ ਤੋਂ ਵੱਧ ਪੈਨੀਆਂ ਉਲਟਾਉਣ ਲਈ ਕਹੋ, ਜਾਂ ਪੇਪਰ ਨਾਲ ਜਹਾਜ਼ ਜਾਂ ਸਨੋਅ ਦੇ ਤੂੰਬੇ ਬਣਾਉ।

> ਆਪਣੇ ਬੱਚੇ ਦੀ ਸਹੀ ਤਰੀਕੇ ਨਾਲ ਪੈਂਸਲ ਫੜਣ ਵਿਚ ਮਦਦ ਕਰਨ ਲਈ ਉਸ ਨੂੰ ਕਹੋ ਕਿ *ਇਹ ਫੜਣ ਵਾਲੀਆਂ ਉਂਗਲਾਂ ਹਨ (ਅੰਗੂਠਾ, ਪਹਿਲੀ ਅਤੇ ਦੂਜੀ ਉਂਗਲ)। ਫਿਰ ਉਸ ਨੂੰ ਕਹੋ ਕਿ ਧਿਆਨ ਨਾਲ – ਦੂਜੀਆਂ ਬਾਹਰ ਨੂੰ ਨਿਕਲ ਜਾਣਗੀਆਂ, ਇਸ ਕਰਕੇ ਇਨ੍ਹਾਂ ਨੂੰ ਹੇਠਾਂ ਨੂੰ ਕਰ।*

> ਆਪਣੇ ਬੱਚੇ ਨੂੰ ਪੈਂਸਲ ਫੜਦੇ ਦੇਖੋ। ਜੇ ਉਨ੍ਹਾਂ ਨੂੰ ਪਿਛਲੀਆਂ ਦੋ ਉਂਗਲਾਂ ਨੂੰ ਹੇਠਾਂ ਵੱਲ ਨੂੰ ਕਰਨ ਅਤੇ ਅਹਿਲ ਰੱਖਣ ਵਿਚ ਮੁਸ਼ਕਲ ਆਵੇ ਤਾਂ ਇਨ੍ਹਾਂ ਉਂਗਲਾਂ ਦੇ ਵਿਚਕਾਰ ਕੋਈ ਛੋਟੀ ਚੀਜ਼ (ਜਿਵੇਂ ਪੈਂਸਲ ਦਾ ਲਿਖਿਆ ਮਿਟਾਉਣ ਵਾਲਾ ਈਰੇਜ਼ਰ) ਰੱਖੋ ਅਤੇ ਆਪਣੇ ਬੱਚੇ ਨੂੰ ਕਹੋ ਕਿ ਉਹ ਇਸ ਨੂੰ ਫੜ ਕੇ ਰੱਖੇ।

## ਆਵਾਜ਼ਾਂ ਅਤੇ ਅੱਖਰ

ਬਿਲਕੁਲ ਜਿਸ ਤਰ੍ਹਾਂ ਛੋਟੇ ਬਾਲ ਵੱਡਿਆਂ ਦੀ ਨਕਲ ਕਰਕੇ ਬੋਲਣਾ ਸਿੱਖਦੇ ਹਨ, ਉਸੇ ਤਰ੍ਹਾਂ ਨਵੇਂ ਲਿਖਾਰੀ ਝਰੀਟਾਂ ਮਾਰਦੇ ਹਨ, ਅੱਖਰਾਂ ਵਰਗੀਆਂ ਸ਼ਕਲਾਂ ਬਣਾਉਂਦੇ ਹਨ, ਇਕਹਿਰੇ ਅੱਖਰ ਲਿਖਦੇ ਹਨ, ਅਸੰਬੰਧਿਤ ਅੱਖਰਾਂ ਨੂੰ ਇਕੱਠਾ ਜੋੜਦੇ ਹਨ, ਅਤੇ ਘੜੇ ਹੋਏ, ਜਾਂ ਆਰਜ਼ੀ ਅੱਖਰ-ਜੋੜਾਂ ਦੀ ਵਰਤੋਂ ਕਰਦੇ ਹਨ। ਸਮੇਂ ਨਾਲ ਬੱਚੇ ਬਾਲਗਾਂ ਵਾਂਗ ਹੀ ਲਿਖਣਾ ਅਤੇ ਸ਼ਬਦ-ਜੋੜ ਬਣਾਉਣਾ ਸਿੱਖ ਜਾਂਦੇ ਹਨ। ਆਪਣੇ ਬੱਚੇ ਦੀ ਲਿਖਣਾ ਸਿੱਖਣ ਵਿਚ ਮਦਦ ਕਰਨ ਲਈ ਤੁਸੀਂ ਇਹ ਕੁਝ ਚੀਜ਼ਾਂ ਕਰ ਸਕਦੇ ਹੋ:

> ਆਪਣੇ ਬੱਚੇ ਨਾਲ ਪੜ੍ਹਨ ਵੇਲੇ ਦਿਲਚਸਪ ਸ਼ਬਦਾਂ ਨੂੰ ਚੁਣ ਲਵੋ। ਇਹ ਪਤਾ ਲਾਉਣ ਵਿਚ ਆਪਣੇ ਬੱਚੇ ਦੀ ਮਦਦ ਕਰੋ ਕਿ ਸ਼ਬਦ ਕਿਹੜੀ ਆਵਾਜ਼ ਨਾਲ ਸ਼ੁਰੂ ਅਤੇ ਖਤਮ ਹੁੰਦਾ ਹੈ ਅਤੇ ਇਸ ਸ਼ਬਦ ਨੂੰ ਸਹੀ ਲਿਖਣ ਲਈ ਕਿੰਨੇ ਹੋਰ ਅੱਖਰਾਂ ਦੀ ਲੋੜ ਹੈ।

> ਆਪਣੇ ਬੱਚੇ ਨੂੰ ਆਪਣੇ ਘਰ ਵਿਚੋਂ ਸ਼ਬਦ ਲੱਭਣ ਦਿਉ। ਜਿਵੇਂ ਜਿਵੇਂ ਉਹ ਚੀਜ਼ਾਂ ਦੇਖੇ, ਉਸ ਨੂੰ ਉਸ ਚੀਜ਼ ਦਾ ਨਾਂ ਬੋਲਣ ਦਿਉ ਅਤੇ ਸ਼ਬਦ ਵਿਚਲੀਆਂ ਆਵਾਜ਼ਾਂ ਨੂੰ ਲਿਖਣ ਦਿਉ (ਜਿਵੇਂ *ਸਟੋਵ, ਸ-ਟੋ-ਵ ਹੋ ਸਕਦਾ ਹੈ*)।

> ਆਪਣੀ ਗਰੋਸਰੀ ਦੀ ਲਿਸਟ ਬਣਾਉਣ ਵਿਚ ਆਪਣੇ ਬੱਚੇ ਦੀ ਮਦਦ ਲਵੋ। ਉਹ ਇਕ ਛੋਟੀ ਤਸਵੀਰ ਬਣਾ ਸਕਦੇ ਹਨ ਅਤੇ ਫਿਰ ਉਨ੍ਹਾਂ ਆਵਾਜ਼ਾਂ ਨੂੰ ਲਿਖ ਕੇ ਇਸ ਉੱਤੇ ਲਿਖ ਸਕਦੇ ਹਨ ਜਿਹੜੀਆਂ ਉਹ ਚੀਜ਼ ਵਿਚ ਸੁਣਦੇ ਹਨ।

> ਕੌਰਨਮੀਲ ਨੂੰ ਕੁੱਕੀ ਸ਼ੀਟ ਉੱਤੇ ਰੱਖੋ ਅਤੇ ਆਪਣੇ ਬੱਚੇ ਦੀ ਆਪਣੀ ਉਂਗਲ ਨਾਲ ਅੱਖਰਾਂ ਦਾ ਨਿਸ਼ਾਨ ਲਾਉਣ ਵਿਚ ਉਸ ਦੀ ਮਦਦ ਕਰੋ। ਉਹ ਸ਼ਬਦ ਬੋਲੋ ਜਿਹੜੇ ਉਨ੍ਹਾਂ ਦੀ ਉਂਗਲ ਦੀ ਹਰਕਤ ਨੂੰ ਵਰਣਨ ਕਰਦੇ ਹਨ ਜਿਵੇਂ ਹੇਠਾਂ, ਉੱਪਰ ਜਾਂ ਦੁਆਲੇ।

> ਪਲਾਸਟਿਕ ਜਾਂ ਲੱਕੜੀ ਦੇ ਅੱਖਰਾਂ, ਸ਼ੇਵ ਕਰਨ ਵਾਲੀ ਕਰੀਮ, ਪੌਪਕੌਰਨ, ਮੈਕਰੋਨੀ ਜਾਂ ਪਾਈਪ ਕਲੀਨਰਾਂ ਨਾਲ ਕੁੱਕੀ ਸ਼ੀਟ ਜਾਂ ਮੋਮੀ ਕਾਗਜ਼ 'ਤੇ ਮੁਢਲੇ ਸ਼ਬਦ ਲਿਖਣ ਦਾ ਅਭਿਆਸ ਕਰਨ ਦਿਉ।

## ਵੱਡੇ ਅੱਖਰ, ਸਵਾਲੀਆ ਚਿੰਨ੍ਹ ਅਤੇ ਹੋਰ



ਜਿਵੇਂ ਜਿਵੇਂ ਬੱਚੇ ਪੜ੍ਹਨਾ ਅਤੇ ਲਿਖਣਾ ਸਿੱਖਣ, ਉਨ੍ਹਾਂ ਨਾਲ ਵੱਡੇ ਅੱਖਰਾਂ ਅਤੇ ਛੋਟੇ ਅੱਖਰਾਂ ਵਿਚਲੇ ਫਰਕ, ਅਤੇ ਕੰਨਿਆਂ ਦੀ ਵਰਤੋਂ, ਸਵਾਲੀਆ ਚਿੰਨ੍ਹਾਂ ਅਤੇ ਵਿਸਮਿਕ ਚਿੰਨ੍ਹਾਂ (ਇਕਸਕਲਾਮੇਸ਼ਨ ਮਾਰਕਸ) (ਪੰਕਚੁਏਸ਼ਨ) ਬਾਰੇ ਗੱਲਬਾਤ ਕਰੋ। ਨਵਾਂ ਨਵਾਂ ਲਿਖਣ ਵਾਲਿਆਂ ਤੋਂ ਪੰਕਚੁਏਸ਼ਨ (ਵਿਰਾਮ – ਚਿੰਨ੍ਹਾਂ) ਦੀ ਪੂਰੀ ਵਰਤੋਂ ਦੀ ਆਸ ਨਹੀਂ ਕੀਤੀ ਜਾਂਦੀ, ਪਰ ਤੁਸੀਂ ਉਨ੍ਹਾਂ ਦੀ ਇਸ ਦੇ ਮੰਤਵ ਨੂੰ ਪਛਾਣਨ ਅਤੇ ਸਮਝਣ ਵਿਚ ਮਦਦ ਕਰ ਸਕਦੇ ਹੋ। ਸ਼ੁਰੂ ਕਰਨ ਲਈ ਕੁਝ ਨੁਸਖੇ ਇਹ ਹਨ:

> ਆਪਣੇ ਬੱਚੇ ਨੂੰ ਕੋਈ ਜਾਣੀ-ਪਛਾਣੀ ਕਿਤਾਬ ਪੜ੍ਹਨ ਵੇਲੇ ਇਹ ਦੱਸੋ ਕਿ ਹਰ ਵਾਕ ਕਿਉਂ ਵੱਡੇ ਅੱਖਰ ਨਾਲ ਸ਼ੁਰੂ ਹੁੰਦਾ ਹੈ। ਇਹ ਦੱਸੋ ਕਿ ਕਿਵੇਂ ਹੋਰ ਸ਼ਬਦ ਵੀ ਵੱਡੇ ਅੱਖਰਾਂ ਨਾਲ ਸ਼ੁਰੂ ਹੁੰਦੇ ਹਨ ਜਿਵੇਂ ਨਾਵਾਂ ਦੇ ਅੱਖਰ ਅਤੇ ਸ਼ਹਿਰਾਂ ਅਤੇ ਕਸਬਿਆਂ ਦੇ ਨਾਂ।

> ਆਪਣੇ ਬੱਚੇ ਨਾਲ ਪੜ੍ਹਨ ਵੇਲੇ ਇਹ ਪਤਾ ਲਾਉਣ ਵਿਚ ਆਪਣੇ ਬੱਚੇ ਦੀ ਮਦਦ ਕਰੋ ਕਿ ਹਰ ਵਾਕ ਕੰਨੇ (ਪੀਰੀਅਡ), ਸਵਾਲੀਆ ਚਿੰਨ੍ਹ ਜਾਂ ਵਿਸਮਿਕ ਚਿੰਨ੍ਹ ਨਾਲ ਖਤਮ ਹੁੰਦਾ ਹੈ। ਪੰਕਚੂਏਸ਼ਨ ਮਾਰਕਾਂ ਵਿਚਕਾਰਲਾ ਫਰਕ ਵਰਣਨ ਕਰੋ: *ਕੰਨਾ ਸਟਰੀਟ 'ਤੇ ਲੱਗੇ ਸਟੌਪ ਸਾਈਨ ਵਰਗਾ ਹੈ – ਜਦੋਂ ਤੁਸੀਂ ਇਸ ਨੂੰ ਦੇਖਦੇ ਹੋ, ਤੁਸੀਂ ਪੂਰੀ ਤਰ੍ਹਾਂ ਰੁਕਦੇ ਹੋ; ਸਵਾਲੀਆ ਚਿੰਨ੍ਹ ਦਾ ਮਤਲਬ ਹੈ ਕਿ ਬੋਲਣ ਵਾਲਾ ਦੂਜੇ ਵਿਅਕਤੀ ਤੋਂ ਜਾਣਕਾਰੀ ਚਾਹੁੰਦਾ ਹੈ; ਵਿਸਮਿਕ ਚਿੰਨ੍ਹ ਦੀ ਵਰਤੋਂ ਤਕੜੇ ਜਜ਼ਬਾਤ ਦੀ ਵਰਤੋਂ ਕਰਨ ਲਈ ਕੀਤੀ ਜਾਂਦੀ ਹੈ ਜਿਵੇਂ ਕਿ ਜੋਸ਼, ਖੁਸ਼ੀ, ਹੈਰਾਨੀ, ਬੇਇਤਬਾਰੀ, ਗੁੱਸਾ ਜਾਂ ਡਰ।*

> ਵੱਖ ਵੱਖ ਤਰ੍ਹਾਂ ਦੀ ਪੰਕਚੁਏਸ਼ਨ ਦਿਖਾਉਣ ਲਈ ਵਾਕਾਂ ਨੂੰ ਵੱਖੋ ਵੱਖਰੇ ਤਰੀਕੇ ਨਾਲ ਕਹਿ ਕੇ ਵਾਕਾਂ ਨਾਲ ਖੇਡੋ। ਆਪਣੇ ਬੱਚੇ ਨੂੰ ਪੁੱਛੋ ਕਿ ਕੀ ਉਸ ਨੂੰ ਫਰਕ ਸੁਣਦਾ ਹੈ। ਉਦਾਹਰਣ ਲਈ, ਤੁਸੀਂ ਆਮ ਆਵਾਜ਼ ਵਿਚ ਇਹ ਕਹਿੰਦੇ ਹੋਏ ਸ਼ੁਰੂ ਕਰ ਸਕਦੇ ਹੋ "*ਇਹ ਸੂਪ ਗਰਮ ਹੈ,*" ਅਤੇ ਇਸ ਤੋਂ ਬਾਅਦ ਉੱਚੀ ਆਵਾਜ਼ ਵਿਚ ਕਹਿ ਸਕਦੇ ਹੋ "*ਇਹ ਸੂਪ ਗਰਮ ਹੈ!*" ਅਤੇ 'ਸਵਾਲ' ਕਰਨ ਵਾਲੀ ਆਵਾਜ਼ ਵਿਚ ਕਹਿ ਸਕਦੇ ਹੋ "*ਕੀ ਸੂਪ ਗਰਮ ਹੈ?*"

> ਵਾਕਾਂ ਨੂੰ ਸਵਾਲਾਂ ਵਿਚ ਬਦਲਣ ਲਈ ਆਪਣੇ ਬੱਚੇ ਦੀ ਮਦਦ ਕਰੋ, ਜਿਵੇਂ *ਮੈਂ ਇਕ ਪੰਛੀ ਦੇਖਿਆ। ਕੀ ਤੂੰ ਪੰਛੀ ਦੇਖਿਆ? ਮੈਨੂੰ ਭੁੱਖ ਲੱਗੀ ਹੈ। ਕੀ ਤੈਨੂੰ ਭੁੱਖ ਲੱਗੀ ਹੈ?*

# 3 | ਵਾਕ ਬਣਾਉਣਾ


## ਸੌਖੇ ਵਾਕ

ਨਵੇਂ ਲਿਖਾਰੀ ਅਸੰਬੰਧਿਤ ਅੱਖਰਾਂ ਨੂੰ ਇਕੱਠਿਆਂ ਜੋੜ ਦਿੰਦੇ ਹਨ। ਸਮੇਂ ਅਤੇ ਤਜਰਬੇ ਨਾਲ, ਸ਼ਬਦ ਅਤੇ ਸੌਖੇ ਵਾਕ ਬਣਨੇ ਸ਼ੁਰੂ ਹੋ ਜਾਂਦੇ ਹਨ। ਤੁਸੀਂ ਇਸ ਜ਼ਰੂਰੀ ਤਬਦੀਲੀ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ। ਕੁਝ ਸੁਝਾਅ ਇਹ ਹਨ:

> ਆਪਣੇ ਬੱਚੇ ਨੂੰ ਇਹ ਉਤਸ਼ਾਹ ਦਿਉ ਕਿ ਉਹ ਤੁਹਾਨੂੰ ‘ਬਣਾਉਟੀ ਨੋਟ’ ਲਿਖੇ ਜਾਂ ਗਰੌਸਰੀ ਦੀਆਂ ਚੀਜ਼ਾਂ ਜਾਂ ਘਰ ਦੇ ਵੱਖ ਵੱਖ ਕਮਰਿਆਂ ਵਿਚ ਪਈਆਂ ਚੀਜ਼ਾਂ ਦੀ ਲਿਸਟ ਬਣਾਵੇ। ਸ਼ਬਦ ਵਿਚਲੀਆਂ ਆਵਾਜ਼ਾਂ ਨੂੰ ਸੁਣਨ ਬਾਰੇ ਸੋਚਣ ਵਿਚ ਉਸ ਦੀ ਮਦਦ ਕਰੋ। ਕੀ ਉਹ ਸੁਣਿਆ ਜਾਣ ਵਾਲਾ ਕੋਈ ਅੱਖਰ ਲਿਖ ਸਕਦਾ ਹੈ?

> ਆਪਣੇ ਬੱਚੇ ਨੂੰ ਕੁਝ ਸੌਖੇ, ਅਧੂਰੇ ਵਾਕ ਦਿਉ ਤਾਂ ਜੋ ਉਹ ਖਾਲੀ ਥਾਂਵਾਂ ਭਰ ਸਕੇ। ਉਦਾਹਰਣ ਲਈ, *ਮੈਂ_______________ ਦੇਖਿਆ*, ਜਾਂ *ਕੁੱਤਾ____________ਸੀ*। ਬੱਚੇ ਇਸ ਤਰ੍ਹਾਂ ਦੇ ਕਈ ਵਾਕ ਲਿਖ ਸਕਦੇ ਹਨ ਅਤੇ ਸੌਖੀ ਕਹਾਣੀ ਬਣਾਉਣ ਲਈ ਹਰ ਵਾਰੀ ਵੱਖਰਾ ਸ਼ਬਦ ਲਿਖ ਸਕਦੇ ਹਨ।

> ਆਪਣੇ ਬੱਚੇ ਨੂੰ ਅੱਖਰਕ੍ਰਮਾਂ ਦੀ ਕਿਤਾਬ ਬਣਾਉਣ ਦਿਉ ਅਤੇ ਅਜਿਹਾ ਉਨ੍ਹਾਂ ਚੀਜ਼ਾਂ ਦੀਆਂ ਤਸਵੀਰਾਂ ਬਣਾ ਕੇ ਜਾਂ ਤਸਵੀਰਾਂ ਕੱਟ ਕੇ ਕਰਨ ਦਿਉ ਜਿਹੜੀਆਂ ਅੱਖਰਕ੍ਰਮ (ਐਲਫਾਬਿਟ) ਦੇ ਹਰ ਅੱਖਰ ਨਾਲ ਸ਼ੁਰੂ ਹੋਣ। ਹਰ ਤਸਵੀਰ ਦੇ ਥੱਲੇ, ਅੱਖਰ ਅਤੇ ਇਕ ਸੌਖਾ ਵਾਕ ਲਿਖੋ ਜੋ ਤਸਵੀਰ ਨੂੰ ਵਰਣਨ ਕਰੇ। ਉਦਾਹਰਣ ਲਈ, *ਏ____________ ਲਈ ਹੈ (ਜਿਵੇਂ ਐਪਲ)। ਐਪਲ___________ਹਨ (ਜਿਵੇਂ ਲਾਲ)*।



**ਜੀ ਜੀਰਾਫ ਲਈ ਹੈ**
**ਜੀਰਾਫ ਲੰਬੇ ਹਨ।**

## ਵਿਚਾਰਾਂ ਨੂੰ ਜੋੜਨਾ

ਨਵੇਂ ਲਿਖਾਰੀ ਸੌਖੇ ਵਾਕ ਲਿਖਦੇ ਹਨ ਜਿਨ੍ਹਾਂ ਵਿਚ ਇਕ ਮੁੱਖ ਵਿਚਾਰ ਹੁੰਦਾ ਹੈ (ਜਿਵੇਂ *ਮੈਂ ਕੁੱਤੇ ਪਸੰਦ ਕਰਦਾ ਹਾਂ)। ਵਾਕ ਜਾਂ ਵਿਚਾਰ ਅਕਸਰ ਇਕ ਦੂਜੇ ਨਾਲ ਜੁੜੇ ਹੋਏ ਹੁੰਦੇ ਹਨ (ਜਿਵੇਂ ਕੁੱਤੇ ਭੌਂਕਦੇ ਹਨ, ਉਨ੍ਹਾਂ ਦੀ ਖੱਲ ਨਰਮ ਹੁੰਦੀ ਹੈ, ਕੁੱਤੇ ਚੰਗੇ ਹੁੰਦੇ ਹਨ*), ਪਰ ਇਹ ‘ਜੋੜਨ’ ਵਾਲੇ ਸ਼ਬਦਾਂ ਜਿਵੇਂ *ਅਤੇ* ਜਾਂ *ਪਰ* ਨਾਲ ਜੁੜੇ ਨਹੀਂ ਹੁੰਦੇ। ਤੁਸੀਂ ਇਹ ਸਿੱਖਣ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ ਕਿ ਆਪਣੇ ਖਿਆਲਾਂ ਨੂੰ ਕਿਵੇਂ ਜੋੜਨਾ ਹੈ। ਆਪਣੇ ਬੱਚੇ ਨਾਲ ਪੜ੍ਹਣ ਅਤੇ ਲਿਖਣ ਵੇਲੇ ਤੁਸੀਂ ਇਹ ਕੁਝ ਚੀਜ਼ਾਂ ਕਰ ਸਕਦੇ ਹੋ:

> ਕਹਾਣੀਆਂ ਵਾਲੀਆਂ ਕਿਤਾਬਾਂ, ਅਖਬਾਰਾਂ ਜਾਂ ਮੈਗਜ਼ੀਨਾਂ ਵਿਚ ‘ਜੋੜਨ’ ਵਾਲੇ ਸ਼ਬਦਾਂ ’ਤੇ ਨਿਸ਼ਾਨ ਲਾਉਣ ਲਈ ਹਾਈਲਾਈਟਰ ਵਰਤੋ। ਇਸ ਨਾਲ ਤੁਹਾਡੇ ਬੱਚੇ ਨੂੰ ਆਪਣੀ ਲੇਖਣੀ ਵਿਚ ਘਟਨਾਵਾਂ ਨੂੰ ਜੋੜਣ ਲਈ ਨਵੇਂ ਵਿਚਾਰ ਮਿਲਣਗੇ।

> ਜਾਣੀਆਂ-ਪਛਾਣੀਆਂ ਕਹਾਣੀਆਂ ਵੱਲ ਦੇਖੋ। ਸਮੇਂ ਦੇ ਪਰਿਵਰਤਨ ਬਾਰੇ ਦੱਸਣ ਲਈ ਲੇਖਕ ਨੇ ਜਿਹੜੇ ਵੱਖ ਵੱਖ ਸ਼ਬਦ ਵਰਤੇ ਹਨ ਉਨ੍ਹਾਂ ਨੂੰ ਉਭਾਰੋ। ਤੁਹਾਨੂੰ ਇਸ ਤਰ੍ਹਾਂ ਦੇ ਲਫਜ਼ ਦਿਖਾਈ ਦੇਣਗੇ ਜਿਵੇਂ ਕਿ *ਕੁਝ ਦਿਨਾਂ ਬਾਅਦ, ਅਗਲੇ ਦਿਨ, ਉਸ ਦੇ ਸੁੱਤੀ ਉੱਠਣ ਤੋਂ ਬਾਅਦ, ਇਕ ਦਿਨ, ਅਖੀਰ ਵਿਚ,* ਆਦਿ। ਆਪਣੇ ਬੱਚੇ ਨੂੰ ਆਪਣੀਆਂ ਕਹਾਣੀਆਂ ਵਿਚ ਇਸ ਤਰ੍ਹਾਂ ਦੇ ‘ਜੋੜਨ’ ਵਾਲੇ ਸ਼ਬਦ ਵਰਤਣ ਲਈ ਉਤਸ਼ਾਹ ਦਿਉ।

> ਆਪਣੇ ਬੱਚੇ ਨੂੰ ਕਹੋ ਕਿ ਉਹ ਜੋ ਕੁਝ ਪਸੰਦ ਕਰਦਾ ਹੈ ਉਸ ਬਾਰੇ ਕੁਝ ਵਾਕ ਜਾਂ ਛੋਟੀ ਕਹਾਣੀ ਲਿਖੇ, ਜਿਵੇਂ ਕਿ ਮਨਪਸੰਦ ਦਾ ਟੈਡੀ ਬੇਅਰ, ਪਰਿਵਾਰ ਦਾ ਜਾਨਵਰ ਜਾਂ ਕੋਈ ਦੋਸਤ। ਆਪਣੇ ਬੱਚੇ ਦੀ ਕਹਾਣੀ ਲਿਖਣ ਦੌਰਾਨ ਮਦਦ ਕਰੋ ਅਤੇ ਸੰਬੰਧਿਤ ਵਿਚਾਰਾਂ ਨੂੰ *ਅਤੇ, ਪਰ* ਜਾਂ *ਫਿਰ* ਵਰਗੇ ਸ਼ਬਦਾਂ ਨਾਲ ਜੋੜੋ। ਇਸ ਤੋਂ ਅੱਗੇ, ਆਪਣੀ ਲੇਖਣੀ ਵਿਚ ਭਿੰਨਤਾ ਲਿਆਉਣ ਲਈ ਆਪਣੇ ਬੱਚੇ ਦੀ ਮਦਦ ਕਰੋ ਅਤੇ ਅਜਿਹਾ ਹੋਰ ਸ਼ਬਦ ਸੋਚ ਕੇ ਕਰੋ ਜਿਹੜੇ ਸੰਬੰਧਿਤ ਵਿਚਾਰਾਂ ਨਾਲ ਜੁੜ ਸਕਦੇ ਹੋਣ।

**ਨਮੂਨਾ** 1

A frind is special To me
I Licit wen my friend
is nos to me. A Friend







# 4 | ਤਸਵੀਰਾਂ ਬਣਾਉਣ ਲਈ ਸ਼ਬਦਾਂ ਦੀ ਵਰਤੋਂ ਕਰਨਾ

## ਵੇਰਵੇ ਦੇਣਾ

ਨਵੇਂ ਲਿਖਾਰੀ ਆਪਣੀਆਂ ਕਹਾਣੀਆਂ ਦੱਸਣ ਲਈ ਚਿੱਤਰਾਂ ਅਤੇ ਤਸਵੀਰਾਂ ਦੀ ਵਰਤੋਂ ਕਰਦੇ ਹਨ। ਸਮਾਂ ਪਾ ਕੇ, ਉਹ ਆਪਣੀਆਂ ਕਹਾਣੀਆਂ ਵਿਚਾਂ ਲਿਖਤੀ ਸ਼ਬਦਾਂ ਦੀ ਗਿਣਤੀ ਵਧਾ ਦੇਣਗੇ ਅਤੇ ਵੇਰਵੇ ਦੇਣੇ ਸ਼ੁਰੂ ਕਰ ਦੇਣਗੇ। ਬਿਰਤਾਂਤੀ ਸ਼ਬਦ ਕਹਾਣੀ ਨੂੰ ਸਮਝਣ ਲਈ ਸੌਖੀ ਅਤੇ ਪੜ੍ਹਣ ਲਈ ਦਿਲਚਸਪੀ ਵਾਲੀ ਬਣਾ ਸਕਦੇ ਹਨ। ਤੁਸੀਂ ਤਸਵੀਰ ਪੇਸ਼ ਕਰਨ ਲਈ ਸ਼ਬਦਾਂ ਦੀ ਵਰਤੋਂ ਕਰਨ ਵਿਚ ਅਤੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਜਾਨਦਾਰ ਬਣਾਉਣ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ। ਸ਼ੁਰੂ ਕਰਨ ਲਈ ਕੁਝ ਨੁਸਖੇ ਇਹ ਹਨ:

> ਆਪਣੇ ਬੱਚੇ ਨਾਲ ਪੜ੍ਹਣ ਵੇਲੇ, ਉਨ੍ਹਾਂ ਵੇਰਵਿਆਂ ਬਾਰੇ ਗੱਲਬਾਤ ਕਰੋ ਜਿਹੜੇ ਲੇਖਕ ਨੇ ਕਹਾਣੀ ਨੂੰ ਜ਼ਿਆਦਾ ਦਿਲਚਸਪ ਬਣਾਉਣ ਲਈ ਵਰਤੇ ਹਨ। ਉਨ੍ਹਾਂ ਸ਼ਬਦਾਂ ਬਾਰੇ ਦੱਸੋ ਜਿਹੜੇ ਪਾਠਕ ਨੂੰ ਕਿਰਦਾਰ, ਮਾਹੌਲ, ਸਥਾਨ ਅਤੇ ਸਮੇਂ ਬਾਰੇ ਜ਼ਿਆਦਾ ਦੱਸਦੇ ਹਨ (ਜਿਵੇਂ *ਸ਼ਰਮਾਕਲ* ਹਾਥੀ, ਇਕ *ਛੋਟਾ* ਕਸਬਾ)।


> ਆਪਣੇ ਬੱਚੇ ਨੂੰ ਕਹੋ ਕਿ ਉਹ ਤੁਹਾਨੂੰ ਚਿੱਤਰਾਂ ਅਤੇ ਸ਼ਬਦਾਂ ਦੀ ਵਰਤੋਂ ਨਾਲ ਕਹਾਣੀ ਦੱਸੇ। ਆਪਣੇ ਬੱਚੇ ਤੋਂ ਪੁੱਛੋ ਕਿ ਚਿੱਤਰ ਕਿਵੇਂ ਉਸ ਵਲੋਂ ਲਿਖੇ ਗਏ ਸ਼ਬਦਾਂ ਨਾਲ ਸਬੰਧ ਰੱਖਦੇ ਹਨ। ਜੇ ਕਹਾਣੀ ਤਸਵੀਰਾਂ ਨਾਲ ਮੇਲ ਨਹੀਂ ਖਾਂਦੀ ਤਾਂ ਵੇਰਵੇ ਜਾਣਨ ਲਈ ਤਸਵੀਰਾਂ ਬਾਰੇ ਖਾਸ ਸਵਾਲ ਪੁੱਛੋ। ਕਹਾਣੀ ਵਿਚ ਇਹ ਵੇਰਵੇ ਸ਼ਾਮਲ ਕਰਨ ਵਿਚ ਆਪਣੇ ਬੱਚੇ ਦੀ ਮਦਦ ਕਰੋ।

> ਆਪਣੇ ਬੱਚੇ ਨੂੰ ਆਪਣੀ ਲੇਖਣੀ ਵਿਚ ਬਿਰਤਾਂਤੀ ਸ਼ਬਦਾਂ ਪਾਉਣ ਵਿਚ ਉਤਸ਼ਾਹ ਦੇਣ ਲਈ, ਉਸ ਨੂੰ ਇਹ ਮਿੱਥਣ ਲਈ ਕਹੋ ਕਿ ਉਹ ਕੋਈ ਫੋਟੋ ਦੇਖ ਰਿਹਾ ਹੈ। ਉਸ ਨੂੰ ਸਵਾਲ ਪੁੱਛੋ ਕਿ ਉਸ ਨੇ ਆਪਣੇ ਮਨ ਵਿਚ ਕੀ ਦੇਖਿਆ ਹੈ। ਇਸ ਬਾਰੇ ਪੁੱਛੋ ਕਿ ਉਹ ਕੀ ਦੇਖ, ਸੁਣ, ਛੂਹ, ਚੱਖ, ਸੁੰਘ ਅਤੇ ਮਹਿਸੂਸ ਕਰ ਸਕਦਾ ਹੈ? ਉਸ ਦੇ ਮੁੱਖ ਪਾਤਰ ਨੇ ਕਿਸ ਤਰ੍ਹਾਂ ਦੇ ਕੱਪੜੇ ਪਾਏ ਹੋਏ ਹਨ? ਮੌਸਮ ਕਿਸ ਤਰ੍ਹਾਂ ਦਾ ਹੈ? ਆਪਣੇ ਬੱਚੇ ਨਾਲ ਇਸ ਚੀਜ਼ ਬਾਰੇ ਗੱਲ ਕਰੋ ਕਿ ਉਹ ਇਹ ਵੇਰਵੇ ਕਿਵੇਂ ਆਪਣੀ ਲੇਖਣੀ ਵਿਚ ਪਾ ਸਕਦਾ ਹੈ।


## ਆਪਣੇ ਬੱਚੇ ਦਾ ਸ਼ਬਦ-ਭੰਡਾਰ ਵਧਾਉਣਾ

ਜਿਹੜਾ ਬੱਚਾ ਵੱਖ ਵੱਖ ਸ਼ਬਦ ਸੁਣਦਾ ਅਤੇ ਵਰਤਦਾ ਹੈ, ਉਸ ਲਈ ਪੜ੍ਹਣਾ ਅਤੇ ਲਿਖਣਾ ਸੌਖਾ ਹੁੰਦਾ ਹੈ। ਆਪਣੇ ਬੱਚੇ ਨੂੰ ਪੜ੍ਹਣਾ ਉਸ ਨੂੰ ਨਵੇਂ ਸ਼ਬਦਾਂ ਅਤੇ ਵਿਚਾਰਾਂ ਤੱਕ ਪਹੁੰਚਾਉਣ ਦਾ ਇਕ ਸੱਭ ਤੋਂ ਵਧੀਆ ਤਰੀਕਾ ਹੈ, ਅਤੇ ਤੁਸੀਂ ਉਸ ਦੀ ਲੇਖਣੀ ਵਿਚ ਆਪਣੇ ਸ਼ਬਦ-ਭੰਡਾਰ ਦੀ ਵਰਤੋਂ ਕਰਨ ਵਿਚ ਉਸ ਦੀ ਮਦਦ ਕਰ ਸਕਦੇ ਹੋ। ਕੁਝ ਸੁਝਾਅ ਇਹ ਹਨ:

**ਨਮੂਨਾ 1**




**ਨਮੂਨਾ 2**





> ਆਪਣੇ ਬੱਚੇ ਦੀ ਆਪਣੇ ਚਿੱਤਰਾਂ ਦੇ ਵੇਰਵੇ ਲਿਖਣ ਵਿਚ ਮਦਦ ਕਰੋ। ਇਸ ਨਾਲ ਉਸ ਨੂੰ ਆਪਣੀ ਲੇਖਣੀ ਲਈ ਸ਼ਬਦਾਂ ਦਾ ਖਜ਼ਾਨਾ ਮਿਲੇਗਾ। ਉਦਾਹਰਣ ਲਈ, ਜੇ ਤੁਹਾਡੇ ਬੱਚੇ ਨੇ ਫਾਰਮ ਵਿਚ ਆਪਣੀ ਫੇਰੀ ਬਾਰੇ ਤਸਵੀਰ ਬਣਾਈ ਹੈ, ਤਾਂ ਉਸ ਦੀ ਬਿਲਡਿੰਗਾਂ, ਲੋਕਾਂ ਅਤੇ ਜਾਨਵਰਾਂ ਬਾਰੇ ਅੰਕਿਤ ਕਰਨ ਵਿਚ ਮਦਦ ਕਰੋ। ਇਸ ਦੇ ਨਾਲ ਹੀ ਕਿਸੇ ਹੋਰ ਕਾਰਜ ਬਾਰੇ ਵੀ ਲਿਖੋ ਜਿਹੜੇ ਦਿਖਾਏ ਗਏ ਹਨ, ਜਿਵੇਂ *ਗਾਈਆਂ ਚੋਣਾ, ਕੁੱਕੜਾਂ ਨੂੰ ਖੁਰਾਕ ਪਾਉਣਾ ਜਾਂ ਟਰੱਕ ਚਲਾਉਣਾ*।

> ਅਜਿਹੇ ਸ਼ਬਦਾਂ ਨੂੰ ਕਹਿਣ ਦੇ ਹੋਰ ਤਰੀਕੇ ਇਕੱਠੇ ਕਰਨ ਲਈ, ਜਿਹੜੇ ਅਕਸਰ ਵਰਤੇ ਜਾਂਦੇ ਹਨ ਜਾਂ ਵਿਸ਼ੇਸ਼ ਨਹੀਂ ਹਨ, (ਜਿਵੇਂ *ਵੈਂਟ, ਨਾਈਸ*) ਫਰਿਜ ਉੱਪਰ ਚੁੰਬਕੀ ਅੱਖਰ ਜਾਂ ਸ਼ਬਦ ਚਿਪਕਾਉ (ਜਾਂ ਅਖਬਾਰਾਂ ਅਤੇ ਮੈਗਜ਼ੀਨਾਂ ਵਿਚੋਂ ਸ਼ਬਦ ਕੱਟੋ)। ਆਪਣੇ ਬੱਚੇ ਨੂੰ ਅਜਿਹੇ ਸ਼ਬਦ ਲੱਭਣ ਲਈ ਆਖੋ ਜਿਹੜੇ ਜ਼ਿਆਦਾ ਵੇਰਵਾ ਦਿੰਦੇ ਹਨ (ਜਿਵੇਂ *ਅਸੀਂ ਸਟੋਰ ਗਏ* ਦੀ ਬਜਾਏ *ਅਸੀਂ ਸਟੋਰ ਨੂੰ ਤੁਰ ਕੇ ਗਏ* ਜਾਂ *ਅਸੀਂ ਸਟੋਰ ਨੂੰ ਗੱਡੀ ਵਿਚ ਗਏ* ਵਰਤੋ)।

> ਆਪਣੇ ਬੱਚੇ ਨੂੰ ਇਹ ਦਿਖਾਉਣ ਲਈ ਕਿ ਆਪਣੀਆਂ ਕਹਾਣੀਆਂ ਵਿਚ ਦਿਲਚਸਪ ਸ਼ਬਦ ਕਿਵੇਂ ਪਾਉਣੇ ਹਨ, ਕੋਈ ਜਾਣੀ-ਪਛਾਣੀ ਕਹਾਣੀ ਦੁਬਾਰਾ ਪੜ੍ਹੋ ਅਤੇ ਆਪਣੇ ਬੱਚੇ ਦੀ ਇਹ ਪਤਾ ਲਾਉਣ ਵਿਚ ਮਦਦ ਕਰੋ ਕਿ ਬਿਰਤਾਂਤੀ ਸ਼ਬਦ ਕਿੱਥੇ ਫਿੱਟ ਕੀਤੇ ਜਾ ਸਕਦੇ ਹਨ। ਉਦਾਹਰਣ ਲਈ, *ਕੁੱਤਾ ਬਲੂੰਗੜੇ ਨਾਲ ਖੇਡਿਆ*, *ਵੱਡਾ ਕੁੱਤਾ ਭੂਰੇ ਬਲੂੰਗੜੇ ਨਾਲ ਖੇਡਿਆ* ਬਣ ਸਕਦਾ ਹੈ।


- ਆਪਣੇ ਬੱਚੇ ਨੂੰ ਕਿਸੇ ਖਾਸ ਵਿਸ਼ੇ ਬਾਰੇ ਕੁਝ ਵਾਕ ਜਾਂ ਛੋਟੀ ਕਹਾਣੀ ਲਿਖਣ ਲਈ ਕਹੋ। ਆਪਣੇ ਬੱਚੇ ਦੇ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉਸ ਦੀ ਉਹ ਵੱਧ ਤੋਂ ਵੱਧ ਸ਼ਬਦ ਸੋਚਣ ਵਿਚ ਮਦਦ ਕਰੋ ਜਿਹੜਾ ਉਹ ਵਿਸ਼ੇ ਨਾਲ ਜੋੜ ਸਕਦਾ ਹੈ। ਉਦਾਹਰਣ ਲਈ, *ਚਿੜੀਆ ਘਰ* ਦਾ ਵਿਸ਼ਾ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ *ਬੱਕਰੀ*, *ਕੁੱਕੜ*, *ਖਰਗੋਸ਼*, *ਬੇਬੀ*, *ਖੇਡਣ*, *ਢਾਰੇ*, *ਸੌਣ*, *ਖਾਣ*, *ਸੁਗੰਧ*, *ਨਰਮ* ਅਤੇ ਵਾਲਾਂ ਵਰਗੇ ਸ਼ਬਦਾਂ ਬਾਰੇ ਸੋਚਣ ਲਾ ਸਕਦਾ ਹੈ। ਆਪਣੇ ਬੱਚੇ ਨੂੰ ਆਪਣੀ ਲਿਖਤ ਵਿਚ ਇਹ ਸ਼ਬਦ ਵਰਤਣ ਲਈ ਉਤਸ਼ਾਹ ਦਿਉ।




# 5 | ਲਿਖਣ ਲਈ ਵਧੀਆ ਮਾਹੌਲ ਤਿਆਰ ਕਰਨਾ

ਪੜ੍ਹਣ ਵਾਂਗ ਹੀ, ਲਿਖਣਾ ਵੀ ਰੋਜ਼ਾਨਾ ਜ਼ਿੰਦਗੀ ਦਾ ਇਕ ਕੁਦਰਤੀ ਹਿੱਸਾ ਹੋਣਾ ਚਾਹੀਦਾ ਹੈ, ਅਤੇ ਘਰ ਵਿਚ ਆਪਣੇ ਬੱਚੇ ਨੂੰ ਲਿਖਣ ਲਈ ਉਤਸ਼ਾਹ ਦੇਣ ਲਈ ਤੁਸੀਂ ਕਈ ਚੀਜ਼ਾਂ ਕਰ ਸਕਦੇ ਹੋ। ਲਿਖਣ ਨੂੰ ਸੌਖਾ ਅਤੇ ਸ਼ੁਗਲ ਬਣਾਉਣ ਲਈ ਕੁਝ ਸੁਝਾਅ ਇਹ ਹਨ:

- ਇਹ ਪੱਕਾ ਕਰੋ ਕਿ ਤੁਹਾਡੇ ਕੋਲ ਘਰ ਵਿਚ ਚਿੱਤਰ ਬਣਾਉਣ ਅਤੇ ਲਿਖਣ ਲਈ ਚਾਹੀਦਾ ਸਾਰਾ ਸਮਾਨ ਹੋਵੇ – ਰੰਗਦਾਰ ਪੈਂਸਲਾਂ, ਪੈਂਸਲਾਂ, ਮਾਰਕਰ, ਪੇਪਰ, ਲਿਫਾਫੇ, ਲੇਬਲ, ਲਿਖ ਕੇ ਮਿਟਾਏ ਜਾਣ ਵਾਲੇ ਬੋਰਡ। ਇਹ ਵੀ ਪੱਕਾ ਕਰੋ ਕਿ ਤੁਹਾਡੇ ਕੋਲ ਘਰ ਵਿਚ ਪੜ੍ਹਣ ਵਾਲੀ ਸਾਮੱਗਰੀ ਹੋਵੇ ਕਿਉਂਕਿ ਪੜ੍ਹਣ ਨਾਲ ਤੁਹਾਡੇ ਬੱਚੇ ਨੂੰ ਨਵੇਂ ਸ਼ਬਦ ਸਿੱਖਣ ਵਿਚ ਮਦਦ ਮਿਲੇਗੀ (ਆਪਣੇ ਆਪ ਜਾਂ ਤੁਹਾਡੀ ਮਦਦ ਨਾਲ)।
- ਚਿੱਤਰ ਬਣਾਉਣ ਅਤੇ ਲਿਖਣ ਲਈ ਪਰਿਵਾਰ ਦਾ ਪੱਕਾ ਸਮਾਂ ਨਿਸ਼ਚਤ ਕਰੋ। ਆਪਣੇ ਬੱਚੇ ਨਾਲ ਬੈਠੋ ਅਤੇ ਉਸ ਨਾਲ ਰਲ ਕੇ ਚਿੱਤਰ ਬਣਾਉ ਜਾਂ ਲਿਖੋ। ਇਹ ਸਮਝਣ ਵਿਚ ਬੱਚੇ ਦੀ ਮਦਦ ਕਰੋ ਕਿ ਲਿਖਣ ਦਾ ਕੋਈ ਮੰਤਵ ਹੈ। ਆਪਣੇ ਬੱਚੇ ਨੂੰ ਕਹੋ ਕਿ ਉਹ ਥੈਂਕ-ਯੂ ਨੋਟ, ਬਰਥਡੇਅ ਕਾਰਡ ਜਾਂ ਗਰੌਸਰੀ ਦੀ ਲਿਸਟ ਲਿਖਣ ਵਿਚ ਤੁਹਾਡੀ ਮਦਦ ਕਰੇ।
- ਤੁਹਾਡਾ ਬੱਚਾ ਜੋ ਚਿੱਤਰ ਬਣਾ ਰਿਹਾ ਹੈ ਜਾਂ ਲਿਖ ਰਿਹਾ ਹੈ ਉਸ ਬਾਰੇ ਉਸ ਨਾਲ ਗੱਲ ਕਰੋ। ਉਸ ਨੂੰ ਪੁੱਛੋ ਕਿ ਕਿਰਦਾਰ ਕੁਝ ਖਾਸ ਚੀਜ਼ਾਂ ਕਿਉਂ ਕਰ ਜਾਂ ਕਹਿ ਰਹੇ ਹਨ ਅਤੇ ਉਹ ਕਿਵੇਂ ਮਹਿਸੂਸ ਕਰਦੇ ਹਨ। ਉਸ ਤੋਂ ਅਜਿਹੇ ਸਵਾਲ ਪੁੱਛੋ ਜਿਹੜੇ ਕਹਾਣੀ ਵਿਚਲੇ ਕਿਰਦਾਰਾਂ, ਸਥਾਨ ਅਤੇ ਘਟਨਾਵਾਂ ਬਾਰੇ ਵੇਰਵੇ ਸਾਹਮਣੇ ਲਿਆਉਣ।
- ਇਹ ਪੱਕਾ ਕਰੋ ਕਿ ਤੁਹਾਡਾ ਬੱਚਾ ਤੁਹਾਡੀ ਲੇਖਣੀ ਦੇਖੇ। ਬੱਚੇ ਕੁਦਰਤੀ ਤੌਰ 'ਤੇ ਉਤਸੁਕ ਹੁੰਦੇ ਹਨ ਅਤੇ ਉਹ ਕਰਨਾ ਚਾਹੁਣਗੇ ਜੋ ਤੁਸੀਂ ਕਰ ਰਹੇ ਹੋ।
- ਇਕ ਖਾਸ ਥਾਂ ਬਣਾਉ, ਜੇ ਸੰਭਵ ਹੋਵੇ ਤਾਂ ਬੱਚੇ ਦੇ ਕਮਰੇ ਵਿਚ, ਜਿੱਥੇ ਪੜ੍ਹਣ, ਚਿੱਤਰ ਬਣਾਉਣ ਅਤੇ ਲਿਖਣ ਵਾਲੀ ਸਾਮੱਗਰੀ ਸਾਂਭ ਕੇ ਰੱਖੀ ਜਾ ਸਕਦੀ ਹੋਵੇ। ਕਿਤਾਬਾਂ ਰੱਖਣ ਵਾਲੀ ਸ਼ੈਲਫ, ਡਰੈਸਰ ਜਾਂ ਡੈੱਸਕ ਦੇ ਦਰਾਜ਼, ਕਿਸੇ ਟੋਕਰੀ, ਲੱਕੜੀ ਜਾਂ ਪਲਾਸਟਿਕ ਦੇ ਬੌਕਸ ਦੀ ਵਰਤੋਂ ਕਰੋ।







# 6 | ਲਿਟਰੇਸੀ ਕੀ ਹੈ?

ਲਿਟਰੇਸੀ (ਅੱਖਰ-ਬੋਧ) ਪੜ੍ਹਣ, ਲਿਖਣ ਅਤੇ ਗੱਲਬਾਤ ਕਰਨ, ਅਤੇ ਜਾਣਕਾਰੀ ਨੂੰ ਸਮਝਣ ਅਤੇ ਵਰਤਣ ਦੀ ਸਮਰੱਥਾ ਹੈ। ਇਹ ਇਕ ਜ਼ਰੂਰੀ ਹੁਨਰ ਹੈ ਜੋ ਕਿ ਤੁਹਾਡੇ ਬੱਚੇ ਦੀ ਸਕੂਲ ਵਿਚ ਕਾਮਯਾਬ ਹੋਣ ਅਤੇ ਜ਼ਿੰਦਗੀ ਭਰ ਦੇ ਰੋਜ਼ਾਨਾ ਕਾਰਜ ਕਰਨ ਵਿਚ ਮਦਦ ਕਰ ਸਕਦਾ ਹੈ। ਪੜ੍ਹੇ-ਲਿਖੇ ਲੋਕ:

- ਆਨੰਦ ਅਤੇ ਜਾਣਕਾਰੀ ਲੈਣ ਲਈ ਪੜ੍ਹ ਸਕਦੇ ਹਨ
- ਓਪਰੇ ਸ਼ਬਦਾਂ ਅਤੇ ਖਿਆਲਾਂ ਦੇ ਮਤਲਬ ਜਾਣਨ ਲਈ ਆਪਣੇ ਪੜ੍ਹਣ ਅਤੇ ਸਮੱਸਿਆਵਾਂ ਦੇ ਹੱਲ ਕਰਨ ਦੇ ਹੁਨਰਾਂ ਦੀ ਵਰਤੋਂ ਕਰ ਸਕਦੇ ਹਨ
- ਜੋ ਪੜ੍ਹਿਆ ਹੈ ਉਸ ਬਾਰੇ ਦੂਜਿਆਂ ਨੂੰ ਦੱਸ ਸਕਦੇ ਹਨ
- ਆਪਣੇ ਆਪ ਦਾ ਪ੍ਰਗਟਾਵਾ ਕਰਨ ਲਈ ਲਿਖ ਸਕਦੇ ਹਨ
- ਆਪਣੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਦੂਜਿਆਂ ਨਾਲ ਗੱਲ ਕਰ ਸਕਦੇ ਹਨ





# 7 | ਲਿਟਰੇਸੀ ਨਾਲ ਸੰਬੰਧਿਤ ਵੈੱਬਸਾਈਟ

ਬਹੁਤ ਸਾਰੇ ਅਜਿਹੇ ਵੈੱਬਸਾਈਟ ਹਨ ਜਿਹੜੇ ਉਨ੍ਹਾਂ ਮਾਪਿਆਂ ਅਤੇ ਗਾਰਡੀਅਨਾਂ ਲਈ ਫਾਇਦੇਮੰਦ ਨੁਸਖੇ, ਖਿਆਲ ਅਤੇ ਸਰਗਰਮੀਆਂ ਦੱਸਦੇ ਹਨ ਜਿਹੜੇ ਆਪਣੇ ਬੱਚਿਆਂ ਦੀ ਪੜ੍ਹਣ ਅਤੇ ਲਿਖਣ ਵਿਚ ਮਦਦ ਕਰਨਾ ਚਾਹੁੰਦੇ ਹਨ। ਸ਼ੁਰੂ ਕਰਨ ਲਈ ਕੁਝ ਸੁਝਾਅ ਇਹ ਹਨ:

www.bced.gov.bc.ca/literacy/

www.edu.gov.on.ca/eng/document/brochure/earlyreading/

www.earlyliterature.ecsd.net/

www.starfall.com

www.kinderart.com/littles/litles.html

## ਪੜ੍ਹਾਈ ਪ੍ਰਤੀ ਸਾਡੀ ਵਚਨਬੱਧਤਾ

ਪੜ੍ਹਾਈ ਇਕ ਸੱਭ ਤੋਂ ਮਹੱਤਵਪੂਰਨ ਇਨਵੈਸਟਮੈਂਟ ਹੈ ਜਿਹੜੀ ਕਿ ਅਸੀਂ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਕਰ ਸਕਦੇ ਹਾਂ। ਬੀ.ਸੀ. ਦਾ ਸੂਬਾ ਸੱਭ ਤੋਂ ਵਧੀਆ ਸਿਸਟਮ ਤਿਆਰ ਕਰਨ ਲਈ ਵਚਨਬੱਧ ਹੈ ਜਿਹੜਾ ਵਿਦਿਆਰਥੀਆਂ ਨੂੰ ਤਰਜੀਹ ਦਿੰਦਾ ਹੈ। ਜ਼ਿਆਦਾ ਜਾਣਕਾਰੀ ਲਈ, AchieveBC.ca ਵੈੱਬਸਾਈਟ ਦੇਖੋ।